# 2027/28 ਸਕੂਲੀ ਸਾਲ ਲਈ ਕਿੰਡਰਗਾਰਟਨਾਂ ਵਿੱਚ ਨਰਸਰੀ (K1) ਕਲਾਸਾਂ ਲਈ ਦਾਖਲਾ ਪ੍ਰਬੰਧ



**Education Bureau**
The Government of the
Hong Kong Special Administrative Region
of the People's Republic of China

In case of any discrepancy between the English version and the other language version, the English version shall prevail.

Punjabi(Indian)

## ਪ੍ਰਸਤਾਵਨਾ

- ਸਿੱਖਿਆ ਬਿਊਰੋ (EDB) 2027/28 ਸਕੂਲੀ ਸਾਲ (ਇਸ ਤੋਂ ਅੱਗੇ "2027/28 K1 ਦਾਖਲਾ ਪ੍ਰਬੰਧ" ਵਜੋਂ ਉਲੇਖ ਕੀਤਾ ਜਾਵੇਗਾ) ਲਈ ਕਿੰਡਰਗਾਰਟਨ (KGs) ਵਿੱਚ ਨਰਸਰੀ (K1) ਕਲਾਸਾਂ ਵਿੱਚ ਦਾਖਲੇ ਦੇ ਪ੍ਰਬੰਧਾਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ ਤਾਂ ਜੋ KGs ਦੀ ਦਾਖਲਾ ਪ੍ਰਕਿਰਿਆ ਦੇ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ਅਤੇ ਮਾਪਿਆਂ ਨੂੰ ਸਮੇਂ ਸਿਰ ਆਪਣੇ ਬੱਚਿਆਂ ਲਈ KG ਸਥਾਨ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ ਜਾ ਸਕੇ।
- ਜੋ ਮਾਪੇ 2027/28 ਸਕੂਲੀ ਸਾਲ ਵਿੱਚ ਆਪਣੇ ਬੱਚਿਆਂ ਲਈ ਕਿੰਡਰਗਾਰਟਨ ਸਿੱਖਿਆ ਯੋਜਨਾ (ਯੋਜਨਾ) ਵਿੱਚ ਸ਼ਾਮਲ ਹੋਣ ਵਾਲੇ KG ਵਿੱਚ K1 ਕਲਾਸ ਵਿੱਚ ਦਾਖਲੇ ਲਈ ਬਿਨੈ-ਪੱਤਰ ਦੇਣਾ ਚਾਹੁੰਦੇ ਹਨ, ਉਨ੍ਹਾਂ ਨੂੰ ਹੇਠਾਂ ਦਿੱਤੀ ਪ੍ਰਕਿਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਪ੍ਰਕਿਰਿਆ ਯੋਜਨਾ (ਯੋਜਨਾ-KGs) ਵਿੱਚ ਸ਼ਾਮਲ ਹੋਣ ਵਾਲੇ ਸਾਰੇ ਗੈਰ-ਮੁਨਾਫ਼ਾ ਕਮਾਉਣ ਵਾਲੇ KGs 'ਤੇ ਲਾਗੂ ਹੁੰਦੀ ਹੈ।

## ਕਾਰਜ-ਵਿਧੀ

- EDB ਹਰ ਇੱਕ ਬੱਚੇ ਨੂੰ ਇੱਕ ਰਜਿਸਟ੍ਰੇਸ਼ਨ ਦਸਤਾਵੇਜ਼ ਜਾਰੀ ਕਰੇਗਾ ਜੋ ਹਾਂਗਕਾਂਗ ਵਿੱਚ ਸਿੱਖਿਆ ਪ੍ਰਾਪਤ ਕਰ ਸਕਦਾ ਹੈ ਅਤੇ ਸਾਰੀਆਂ ਯੋਜਨਾ-KGs ਨੂੰ ਸਿਰਫ਼ ਵੈਧ ਰਜਿਸਟ੍ਰੇਸ਼ਨ ਦਸਤਾਵੇਜ਼ ਰੱਖਣ ਵਾਲੇ ਬੱਚਿਆਂ ਨੂੰ ਦਾਖਲਾ ਦੇਣਾ ਚਾਹੀਦਾ ਹੈ।
- ਮਾਤਾ-ਪਿਤਾ ਨੂੰ **ਸਤੰਬਰ ਤੋਂ ਨਵੰਬਰ 2026** ਤੱਕ "KG ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ" (RC) ਲਈ EDB ਨੂੰ ਬਿਨੈ-ਪੱਤਰ ਦੇਣ ਦੀ ਲੋੜ ਹੁੰਦੀ ਹੈ। ਜੇਕਰ ਕੋਈ ਬੱਚਾ ਹਾਂਗਕਾਂਗ ਵਿੱਚ ਸਿੱਖਿਆ ਪ੍ਰਾਪਤ ਕਰ ਸਕਦਾ ਹੈ ਪਰ RC ਪ੍ਰਾਪਤ ਨਹੀਂ ਕਰ ਸਕਦਾ ਕਿਉਂਕਿ ਉਹ ਯੋਜਨਾ ਅਧੀਨ ਸਬਸਿਡੀ ਲਈ ਯੋਗ ਨਹੀਂ ਹੈ, EDB ਇੱਕ ਯੋਜਨਾ-KG ਵਿੱਚ ਰਜਿਸਟ੍ਰੇਸ਼ਨ ਅਤੇ ਦਾਖਲੇ ਲਈ ਸਬੰਧਤ ਬੱਚੇ ਨੂੰ ਇੱਕ KG ਦਾਖਲਾ ਪਾਸ (AP) ਜਾਰੀ ਕਰੇਗਾ, ਪਰ ਸਬੰਧਤ ਮਾਪਿਆਂ ਨੂੰ ਬੱਚੇ ਨੂੰ ਦਾਖਲ ਕਰਨ ਵਾਲੇ KG ਦੇ ਫੀਸ ਸਰਟੀਫਿਕੇਟ ਵਿੱਚ ਦਰਸਾਏ ਅਨੁਸਾਰ ਯੋਜਨਾ ਅਧੀਨ ਸਬਸਿਡੀ ਦੀ ਕਟੌਤੀ ਤੋਂ ਪਹਿਲਾਂ ਪੂਰੀ ਸਕੂਲ ਫੀਸ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ।
- RC ਦੀ ਵਰਤੋਂ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ (ਭਾਵ 7 ਤੋਂ 9 ਜਨਵਰੀ 2027) ਦੌਰਾਨ K1 ਲਈ ਰਜਿਸਟ੍ਰੇਸ਼ਨ ਲਈ ਕੀਤੀ ਜਾਵੇਗੀ। ਕਿਉਂਕਿ RC ਦੀ ਪ੍ਰਕਿਰਿਆ ਵਿੱਚ ਸਮਾਂ ਲੱਗਦਾ ਹੈ, ਮਾਤਾ-ਪਿਤਾ ਨੂੰ **30 ਨਵੰਬਰ 2026** ਤੱਕ ਆਪਣੇ RC ਬਿਨੈ-ਪੱਤਰ EDB ਨੂੰ ਜਮ੍ਹਾਂ ਕਰਵਾਉਣੇ ਚਾਹੀਦੇ ਹਨ। ਨਹੀਂ ਤਾਂ, K1 ਰਜਿਸਟ੍ਰੇਸ਼ਨ ਲਈ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ ਤੋਂ ਪਹਿਲਾਂ RC/AP ਜਾਰੀ ਨਹੀਂ ਕੀਤਾ ਜਾ ਸਕਦਾ ਹੈ।
- ਜਨਤਕ ਸੇਵਾਵਾਂ ਦੇ ਡਿਜੀਟਲੀਕਰਨ ਦੇ ਸਰਕਾਰ ਦੇ ਨੀਤੀ ਉਦੇਸ਼ ਦੇ ਅਨੁਸਾਰ, EDB ਨੇ ਜੂਨ 2025 ਵਿੱਚ ਇਲੈਕਟ੍ਰਾਨਿਕ RC ("e-RC") ਪੇਸ਼ ਕੀਤਾ। ਹਰੇਕ e-RC/AP ਵਿੱਚ ਇੱਕ ਇਨਕ੍ਰਿਪਟਡ QR ਕੋਡ ਹੋਵੇਗਾ। ਜਦੋਂ ਮਾਪੇ KGs ਨਾਲ ਰਜਿਸਟਰ ਕਰ ਰਹੇ ਹੋਣਗੇ, ਤਾਂ KG ਸਟਾਫ ਨੂੰ ਸਿਰਫ਼ e-RC/AP 'ਤੇ QR ਕੋਡ ਨੂੰ ਸਕੈਨ ਕਰਨ ਦੀ ਲੋੜ ਹੋਵੇਗੀ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਪੂਰੀ ਹੋ ਜਾਵੇਗੀ।
- ਮਾਤਾ-ਪਿਤਾ ਨੂੰ KGs ਤੋਂ ਉਹਨਾਂ ਦੇ ਸਕੂਲ-ਅਧਾਰਤ ਦਾਖਲਾ ਵਿਧੀ ਬਾਰੇ ਸਮਝਣਾ ਚਾਹੀਦਾ ਹੈ, ਜਿਸ ਵਿੱਚ ਪ੍ਰਕਿਰਿਆ, ਮਾਪਦੰਡ, ਇੰਟਰਵਿਊ ਦੇ ਪ੍ਰਬੰਧ, ਬਿਨੈ-ਪੱਤਰ ਫੀਸ ਆਦਿ ਸ਼ਾਮਲ ਹਨ। ਉਹਨਾਂ ਨੂੰ ਬਿਨੈ-ਪੱਤਰ ਫਾਰਮ ਪ੍ਰਾਪਤ ਕਰਨੇ ਚਾਹੀਦੇ ਹਨ ਅਤੇ ਵਿਅਕਤੀਗਤ KGs ਦੁਆਰਾ ਨਿਰਧਾਰਤ ਲੋੜਾਂ ਦੇ ਅਨੁਸਾਰ ਦਾਖਲੇ ਲਈ ਬਿਨੈ-ਪੱਤਰ ਜਮ੍ਹਾਂ ਕਰਵਾਉਣੇ ਚਾਹੀਦੇ ਹਨ।
- KGs 11 ਦਸੰਬਰ 2026 ਤੋਂ ਪਹਿਲਾਂ ਮਾਪਿਆਂ ਨੂੰ ਬਿਨੈ-ਪੱਤਰ ਦੇ ਨਤੀਜਿਆਂ ਬਾਰੇ ਸੂਚਿਤ ਕਰਨਗੇ।
- ਦਾਖਲੇ ਦੀ ਸੂਚਨਾ ਪ੍ਰਾਪਤ ਹੋਣ 'ਤੇ, ਮਾਪਿਆਂ ਨੂੰ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ, ਰਜਿਸਟ੍ਰੇਸ਼ਨ ਲਈ ਇੱਕ KG ਦੀ ਚੋਣ ਕਰਨੀ ਚਾਹੀਦੀ ਹੈ। ਉਹਨਾਂ ਨੂੰ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ (ਭਾਵ 7 ਤੋਂ 9 ਜਨਵਰੀ 2027) ਦੌਰਾਨ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਪੂਰਾ ਕਰਨ ਲਈ KG ਨੂੰ e-RC/AP 'ਤੇ QR ਕੋਡ ਨੂੰ ਸਕੈਨ ਕਰਨ ਦੇਣ ਦੀ ਲੋੜ ਹੁੰਦੀ ਹੈ। ਇਹ ਉਪਾਅ ਇੱਕ ਬੱਚੇ ਨੂੰ ਇੱਕ ਸਮੇਂ ਵਿੱਚ ਕਈ ਸਕੂਲੀ ਸਥਾਨ ਰਾਖਵਾਂ ਕਰਨ ਤੋਂ ਰੋਕਣ ਲਈ ਹੈ, ਜਿਸ ਨਾਲ ਦੂਜੇ ਬੱਚੇ ਪ੍ਰਭਾਵਿਤ ਹੋ ਸਕਦੇ ਹਨ।
- EDB ਜਨਵਰੀ 2027 ਦੀ ਆਖੀਰ ਤੋਂ ਬਾਅਦ (ਭਾਵ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ ਤੋਂ ਬਾਅਦ) K1-K3 ਖਾਲੀ ਅਸਾਮੀਆਂ ਦੀ ਜਾਣਕਾਰੀ ਜਾਰੀ ਕਰੇਗਾ। ਜੇਕਰ ਲੋੜ ਹੋਵੇ, ਤਾਂ ਮਾਪੇ EDB ਵੈੱਬਸਾਈਟ, ਖੇਤਰੀ ਸਿੱਖਿਆ ਦਫ਼ਤਰਾਂ ਅਤੇ ਹੌਟਲਾਈਨ ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਕੌਣ ਬਿਨੈ-ਪੱਤਰ ਦੇਣ ਦੇ ਯੋਗ ਹਨ?

- ਬਾਲ ਬਿਨੈਕਾਰ ਹੇਠ ਲਿਖੇ ਅਨੁਸਾਰ ਹੋਣੇ ਚਾਹੀਦੇ ਹਨ:

(a) ਹਾਂਗ ਕਾਂਗ ਦੇ ਨਿਵਾਸੀ ਜਿਨ੍ਹਾਂ ਕੋਲ ਰਹਿਣ ਦਾ ਅਧਿਕਾਰ, ਜ਼ਮੀਨ ਦਾ ਅਧਿਕਾਰ ਜਾਂ ਹਾਂਗ ਕਾਂਗ ਵਿੱਚ ਰਹਿਣ ਦੀ ਕਿਸੇ ਵੀ ਸ਼ਰਤ (ਰਹਿਣ ਦੀ ਸੀਮਾ ਤੋਂ ਇਲਾਵਾ) ਤੋਂ ਬਿਨਾਂ ਰਹਿਣ ਦੀ ਵੈਧ ਇਜਾਜ਼ਤ ਹੋਵੇ; ਜਿਹੜੇ ਬੱਚੇ ਟੂਰਿਸਟ/ਵਿਜ਼ਿਟ ਵੀਜ਼ਾ 'ਤੇ ਜਾਂ ਇੱਕ ਵਿਜ਼ਟਰ ਵਜੋਂ ਹਾਂਗਕਾਂਗ ਵਿੱਚ ਰਹਿੰਦੇ ਹਨ, ਉਹ RC ਜਾਂ AP ਲਈ ਯੋਗ ਨਹੀਂ ਹਨ; ਅਤੇ

(b)31 ਦਸੰਬਰ 2024 ਨੂੰ ਜਾਂ ਇਸ ਤੋਂ ਪਹਿਲਾਂ ਪੈਦਾ ਹੋਏ ਹਨ।

## ਬਿਨੈ-ਪੱਤਰ ਫਾਰਮ ਕਿੱਥੋਂ ਪ੍ਰਾਪਤ ਕਰਨਾ ਹੈ?

- ਬਿਨੈਕਾਰ "iAM Smart" ਮੋਬਾਈਲ ਐਪ ਰਾਹੀਂ ਜਾਂ ਔਨਲਾਈਨ ਬਿਨੈ-ਪੱਤਰ ਜਮ੍ਹਾ ਕਰ ਸਕਦੇ ਹਨ (url: https://eform.cefs.gov.hk/form/edb005/en/)।ਆਮ ਹਾਲਤਾਂ ਵਿੱਚ, ਇਲੈਕਟ੍ਰੌਨਿਕ ਬਿਨੈ-ਪੱਤਰਾਂ ਦਾ ਪ੍ਰੋਸੈਸਿੰਗ ਸਮਾਂ (ਡਿਜ਼ੀਟਲ ਹਸਤਾਖਰ "iAM Smart+" ਅਤੇ ਪੂਰੇ ਸਹਾਇਕ ਦਸਤਾਵੇਜ਼ਾਂ ਦੇ ਨਾਲ) ਕਾਗਜ਼-ਅਧਾਰਿਤ ਬਿਨੈ-ਪੱਤਰਾਂ ਨਾਲੋਂ ਘੱਟ ਹੋਵੇਗਾ।
- ਬਿਨੈ-ਪੱਤਰ ਅਤੇ ਮਾਰਗਦਰਸ਼ਨ ਨੋਟਸ EDB ਦੀ ਵੈੱਬਸਾਈਟ (www.edb.gov.hk/applyRC/en/) ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ ਅਤੇ ਇਹ EDB ਦੇ ਜ਼ਿਲ੍ਹਾ ਦਫ਼ਤਰਾਂ ਅਤੇ ਖੇਤਰੀ ਸਿੱਖਿਆ ਦਫ਼ਤਰਾਂ ਵਿੱਚ ਵੀ ਉਪਲਬਧ ਹਨ।

## ਭਰੇ ਹੋਏ ਬਿਨੈ-ਪੱਤਰ ਫਾਰਮ ਨੂੰ ਕਿਵੇਂ ਜਮ੍ਹਾ ਕਰਨਾ ਹੈ?

- ਬਿਨੈਕਾਰ ਆਪਣਾ ਬਿਨੈ-ਪੱਤਰ ਔਨਲਾਈਨ ਜਮ੍ਹਾਂ ਕਰ ਸਕਦੇ ਹਨ (url: https://eform.cefs.gov.hk/form/edb005/en/)।
- ਬਿਨੈਕਾਰ EDB, P.O. Box 23179, Wan Chai Post Office, Hong Kong ਨੂੰ ਡਾਕ ਰਾਹੀਂ ਲੋੜੀਂਦੇ ਪਛਾਣ ਦਸਤਾਵੇਜ਼ਾਂ ਦੀਆਂ ਕਾਪੀਆਂ ਦੇ ਨਾਲ ਸਹੀ ਢੰਗ ਨਾਲ ਭਰੇ ਹੋਏ ਬਿਨੈ-ਪੱਤਰ ਫਾਰਮ ਭੇਜ ਸਕਦੇ ਹਨ।
- ਬਿਨੈਕਾਰ "Application for the Registration Certificate for Kindergarten Admission" ਲਿਖੇ ਹੋਏ ਇੱਕ ਸੀਲਬੰਦ ਲਿਫਾਫੇ ਵਿੱਚ ਸਾਰੇ ਸੰਬੰਧਿਤ ਦਸਤਾਵੇਜ਼ਾਂ ਨੂੰ ਨੱਥੀ ਕਰ ਸਕਦੇ ਹਨ ਅਤੇ ਇਸਨੂੰ 14/F, Wu Chung House, 213 Queen's Road East, Wan Chai, Hong Kong, 'ਤੇ EDB ਦੇ ਦਫ਼ਤਰ ਵਿੱਚ ਡਰਾਪ-ਇਨ ਬਾਕਸ ਵਿੱਚ ਪਾ ਸਕਦੇ ਹਨ (ਡਰਾਪ-ਇਨ ਬਾਕਸ ਦੇ ਖੁੱਲਣ ਦੇ ਘੰਟੇ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਸ਼ਾਮ 6:00 ਵਜੇ ਤੱਕ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ)।

## ਬਿਨੈ-ਪੱਤਰ ਫਾਰਮ ਕਦੋਂ ਜਮ੍ਹਾ ਕਰਨੇ ਹਨ?

- RC/AP ਲਈ ਬਿਨੈ-ਪੱਤਰ ਸਤੰਬਰ 2026 ਤੋਂ ਸ਼ੁਰੂ ਹੁੰਦੇ ਹਨ, ਅਤੇ ਵੇਰਵਿਆਂ ਨੂੰ EDB ਦੀ ਵੈੱਬਸਾਈਟ 'ਤੇ ਅਪਲੋਡ ਕੀਤਾ ਜਾਵੇਗਾ।

## ਬਿਨੈ-ਪੱਤਰਾਂ ਦਾ ਨਤੀਜਾ ਕਦੋਂ ਉਪਲਬਧ ਹੋਵੇਗਾ?

- ਪ੍ਰਦਾਨ ਕੀਤੀ ਗਈ ਸਾਰੀ ਲੋੜੀਂਦੀ ਜਾਣਕਾਰੀ ਅਤੇ ਦਸਤਾਵੇਜ਼ਾਂ ਦੇ ਨਾਲ ਬਿਨੈ-ਪੱਤਰ ਪ੍ਰਾਪਤ ਹੋਣ 'ਤੇ, EDB ਨੂੰ ਬਿਨੈ-ਪੱਤਰ ਦੀ ਪ੍ਰਕਿਰਿਆ ਪੂਰੀ ਕਰਨ ਅਤੇ ਬਿਨੈਕਾਰਾਂ ਨੂੰ ਈ-ਮੇਲ ਰਾਹੀਂ (ਇਲੈਕਟ੍ਰੌਨਿਕ ਬਿਨੈ-ਪੱਤਰਾਂ ਲਈ) ਜਾਂ ਡਾਕ ਰਾਹੀਂ (ਡਾਕ ਰਾਹੀਂ/ਵਿਅਕਤੀਗਤ ਤੌਰ ਤੇ ਬਿਨੈ-ਪੱਤਰਾਂ ਲਈ) ਐਨਕ੍ਰਿਪਟਡ QR ਕੋਡ ਨਾਲ e-RC/AP ਜਾਰੀ ਕਰਨ ਲਈ ਆਮ ਤੌਰ 'ਤੇ ਛੇ ਤੋਂ ਅੱਠ ਹਫ਼ਤੇ ਲੱਗ ਜਾਂਦੇ ਹਨ।

## ਪੁੱਛਗਿੱਛ

- 2027/28 ਵਿੱਚ K1 ਦਾਖਲਾ ਪ੍ਰਬੰਧਾਂ ਅਤੇ RC ਲਈ ਬਿਨੈ-ਪੱਤਰ ਦੇ ਵੇਰਵਿਆਂ ਲਈ, ਕਿਰਪਾ ਕਰਕੇ EDB ਵੈੱਬਸਾਈਟ (www.edb.gov.hk/k1-admission_e) ਜਾਂ ਵੈਬਸਾਈਟ 'ਤੇ ਚੈਟਬੋਟ "Glowie" 'ਤੇ ਜਾਓ ਜਾਂ 3540 6808 / 3540 6811 'ਤੇ EDB ਨੂੰ ਕਾਲ ਕਰੋ (ਕੰਮ ਦੇ ਘੰਟੇ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਦੁਪਹਿਰ 1:00 ਵਜੇ, ਦੁਪਹਿਰ 2:00 ਵਜੇ ਤੋਂ ਸ਼ਾਮ 6:00 ਵਜੇ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ) ਜਾਂ 2891 0088 'ਤੇ 24-ਘੰਟੇ ਆਟੋਮੈਟਿਕ ਟੈਲੀਫੋਨ ਪੁੱਛਗਿੱਛ ਪ੍ਰਣਾਲੀ ਨੂੰ ਕਾਲ ਕਰੋ। ਗੈਰ-ਚੀਨੀ ਬੋਲਣ ਵਾਲੇ ਬੱਚਿਆਂ ਦੇ ਮਾਪੇ KGs ਵਿੱਚ ਦਾਖਲੇ ਬਾਰੇ ਪੁੱਛਗਿੱਛ ਲਈ 2892 6676 'ਤੇ EDB ਹੌਟਲਾਈਨ 'ਤੇ ਕਾਲ ਕਰ ਸਕਦੇ ਹਨ।
- ਮਾਪੇ EDB ਖੇਤਰੀ ਸਿੱਖਿਆ ਦਫ਼ਤਰਾਂ ਜਾਂ ਕਿੰਡਰਗਾਰਟਨ ਅਤੇ ਬਾਲ ਦੇਖਭਾਲ ਕੇਂਦਰਾਂ ਲਈ ਸੰਯੁਕਤ ਦਫ਼ਤਰ ਨੂੰ ਵੀ ਕਾਲ ਕਰ ਸਕਦੇ ਹਨ (ਟੈਲੀਫੋਨ ਨੰਬਰ EDB ਦੀ ਵੈੱਬਸਾਈਟ: www.edb.gov.hk/k1-admission_e) 'ਤੇ ਮਿਲ ਸਕਦੇ ਹਨ)।

# 2027/28 ਸਕੂਲੀ ਸਾਲ ਲਈ ਕਿੰਡਰਗਾਰਟਨ ਵਿੱਚ ਨਰਸਰੀ (K1) ਕਲਾਸਾਂ ਲਈ ਦਾਖਲੇ ਦੇ ਪ੍ਰਬੰਧ

## ਫਲੋਚਾਰਟ

ਮਾਪੇ ਸਤੰਬਰ ਤੋਂ ਨਵੰਬਰ 2026 ਤੱਕ RC ਲਈ EDB ਨੂੰ ਅਰਜ਼ੀ ਦਿੰਦੇ ਹਨ

↓

ਆਮ ਤੌਰ 'ਤੇ EDB ਨੂੰ, ਪ੍ਰਦਾਨ ਕੀਤੀ ਗਈ ਸਾਰੀ ਲੋੜੀਂਦੀ ਜਾਣਕਾਰੀ ਅਤੇ ਦਸਤਾਵੇਜ਼ਾਂ ਦੇ ਨਾਲ ਅਰਜ਼ੀਆਂ ਦੀ ਪ੍ਰਾਪਤੀ 'ਤੇ, ਬਿਨੈ-ਪੱਤਰਾਂ ਦੀ ਪ੍ਰਕਿਰਿਆ ਪੂਰੀ ਕਰਨ ਅਤੇ e-RC/AP ਨੂੰ ਇਲੈਕਟ੍ਰੌਨਿਕ ਮੇਲ / ਡਾਕ[1] ਦੁਆਰਾ ਮਾਪਿਆਂਨੂੰ ਜਾਰੀ ਕਰਨ ਲਈ ਛੇ ਤੋਂ ਅੱਠ ਹਫ਼ਤੇ ਲੱਗ ਜਾਂਦੇ ਹਨ

KGs 2027/28 ਸਕੂਲੀ ਸਾਲ ਲਈ K1 ਦਾਖਲਾ ਬਿਨੈ-ਪੱਤਰਾਂ ਤੇ ਕਾਰਵਾਈ ਕਰਦੇ ਹਨ

↓

KGs 11 ਦਸੰਬਰ 2026 ਤੋਂ ਪਹਿਲਾਂ ਮਾਪਿਆਂ ਨੂੰ ਬਿਨੈ-ਪੱਤਰਾਂ ਦੇ ਨਤੀਜੇ ਬਾਰੇ ਸੂਚਿਤ ਕਰਦੇ ਹਨ

↓

ਜੇਕਰ ਬਿਨੈ-ਪੱਤਰ ਸਫਲ ਹੋਵੇ

↓

ਮਾਪੇ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ ਦੌਰਾਨ (ਭਾਵ 7 ਤੋਂ 9 ਜਨਵਰੀ 2027) e-RC/AP ਤੇ QR ਕੋਡ ਸਕੈਨ ਕਰਕੇ ਅਤੇ ਰਜਿਸਟ੍ਰੇਸ਼ਨ ਫੀਸ[2] ਦਾ ਭੁਗਤਾਨ ਕਰਕੇ, ਇੱਕ KG ਨਾਲ ਰਜਿਸਟਰ ਕਰਦੇ ਹਨ

ਜੇਕਰ ਬਿਨੈ-ਪੱਤਰ ਸਫਲ ਨਾ ਹੋਵੇ

↓

ਮਾਪੇ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ (ਅਰਥਾਤ ਜਨਵਰੀ 2027 ਦੇ ਆਖੀਰ ਤੋਂ) ਤੋਂ ਬਾਅਦ EDB ਦੁ ਆਰਾ ਜਾਰੀ ਕੀਤੀ K1-K3 ਖਾਲੀ ਥਾਂ ਦੀ ਜਾਣਕਾਰੀ ਦੇਖਦੇ ਹਨ ਅਤੇ ਹੋਰ KGs ਵਿੱਚ ਦਾਖਲੇ ਲਈ ਅਰਜ਼ੀ ਦਿੰਦੇ ਹਨ

1 ਜੇਕਰ ਮਾਪੇ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਕਾਂ ਦੌਰਾਨ ਉਸ KG ਨੂੰ ਜਿਸ ਵਿੱਚ ਬੱਚੇ ਨੂੰ ਦਾਖਲ ਕੀਤਾ ਗਿਆ ਹੈ, e-RC/AP ਤੇ QR ਕੋਡ ਸਕੈਨ ਕਰਨ ਦੀ ਇਜਾਜਤ ਦੇਣ ਵਿੱਚ ਅਸਮਰੱਥ ਹੁੰਦੇ ਹਨਤਾਂ ਸਬੰਧਤ KG ਉਹਨਾਂ ਦੇ ਬੱਚੇ ਲਈ ਰਜਿਸਟ੍ਰੇਸ਼ਨ ਨੂੰ ਪੂਰਾ ਨਹੀਂ ਕਰ ਸਕਦਾ। ਇਸ ਲਈ, ਮਾਤਾ-ਪਿਤਾ ਨੂੰ ਨਿਰਧਾਰਤ ਸਮੇਂ ਦੇ ਅੰਦਰ EDB ਨੂੰ ਬਿਨੈ-ਪੱਤਰ ਜਮ੍ਹਾ ਕਰਨ ਦੀ ਲੋੜ ਹੁੰਦੀ ਹੈ।

2 ਜੇਕਰ ਕਿਸੇ ਬੱਚੇ ਨੂੰ ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਮਿਤੀਆਂ ਤੋਂ ਬਾਅਦ ਦਾਖਲਾ ਦਿੱਤਾ ਜਾਂਦਾ ਹੈ, ਤਾਂ ਉਸਦੇ ਮਾਤਾ-ਪਿਤਾ ਨੂੰ ਹਜੇ ਵੀ ਰਜਿਸਟ੍ਰੇਸ਼ਨ ਲਈ e-RC/AP ਜਮ੍ਹਾ ਕਰਨ ਦੀ ਲੋੜ ਹੁੰਦੀ ਹੈ। ਜੇਕਰ ਮਾਪੇ KG ਵਿੱਚ ਰਜਿਸਟ੍ਰੇਸ਼ਨ ਤੋਂ ਬਾਅਦ ਆਪਣੇ ਬੱਚੇ ਲਈ ਸਕੂਲ ਬਦਲਣ ਦਾ ਇਰਾਦਾ ਰੱਖਦੇ ਹਨ, ਤਾਂ ਉਸਨੂੰ e-RC/AP 'ਤੇ QR ਕੋਡ ਨੂੰ ਸਕੈਨ ਕਰਕੇ ਉਸ KG ਨਾਲ ਡੀ-ਰਜਿਸਟ੍ਰੇਸ਼ਨ ਨੂੰ ਪੂਰਾ ਕਰਨਾ ਪਵੇਗਾ ਜਿਸ ਨਾਲ ਉਸਨੇ ਰਜਿਸਟਰ ਕੀਤਾ ਹੈ। ਡੀ-ਰਜਿਸਟ੍ਰੇਸ਼ਨ ਹੋਣ 'ਤੇ, ਸਬੰਧਤ KG ਹੁਣ ਬੱਚੇ ਲਈ ਜਗ੍ਹਾ ਰਾਖਵੀਂ ਨਹੀਂ ਕਰੇਗਾ। ਆਮ ਤੌਰ 'ਤੇ, ਜਿਸ ਨਾਲ ਮਾਤਾ-ਪਿਤਾ ਨੇ ਰਜਿਸਟਰ ਕੀਤਾ ਹੈ, ਉਸ KG ਨੂੰ ਅਦਾ ਕੀਤੀ ਗਈ ਰਜਿਸਟ੍ਰੇਸ਼ਨ ਫੀਸ ਵਾਪਸ ਨਹੀਂ ਕੀਤੀ ਜਾਵੇਗੀ।